Surrey Schools
LEADERSHIP IN LEARNING

Tel: 604.596.7733
www.surreyschools.ca

# ਵਿਤਕਰੇ, ਮਤ ਭੇਦ ਦੇ ਵਿਰੁੱਧ ਆਵਾਜ਼ ਓਠਾਓਣਾ

## Saying NO to Discrimination

ਸਰ੍ਹੀ ਸਕੂਲ ਬੋਰਡ, ਕਿਸੇ ਵੀ ਸਟਾਫ ਜਾਂ ਵਿਦਿਆਰਥੀ ਦੇ ਵਿਰੁੱਧ ਵਿਤਕਰੇ ਦੀ ਨਿਖੇਧੀ ਕਰਦਾ ਹੈ ਅਤੇ ਬੋਰਡ ਦੀ ਹਰ ਕੋਸ਼ਿਸ਼ ਹੈ ਕਿ ਇਸ ਗੈਰ ਕਾਨੂੰਨੀ ਨਫਰਤ ਤੋਂ ਸਭ ਨੂੰ ਬਚਾਇਆ ਜਾਵੇ । ਇਹ ਵਿਤਕਰਾ ਜੋ ਇਨ੍ਹਾਂ ਆਧਾਰਾਂ ਓਪਰ ਨਿਰਭਰ ਹੈ: ਕਿਸੇ ਦੀ ਜਾਤ ਪਾਤ ਜਾਂ ਰੰਗ ਓਪਰ, ਲਿੰਗ ਪੁਲਿੰਗ ਓਪਰ, ਧਰਮ ਓਪਰ, ਅਪਾਹਜ ਹਾਲਤ ਓਪਰ, ਰਾਜਨੀਤਕ ਸ਼ਾਮਿਲਤਾ ਓਪਰ ਜਾਂ ਹਿਊਮਨ ਰਾਈਟਸ ਜਾਂ ਕੋਡ ਦੀਆਂ ਨੀਤੀਆਂ ਵਿਰੁੱਧ ।

### ਵਿਤਕਰਾ ਕੀ ਹੈ?

ਜਦੋਂ ਕਿਸੇ ਦੇ ਵਿਰੁੱਧ ਓਪਰ ਲਿਖੀ ਲਿਸਟ ਦੇ ਆਧਾਰ ਓਪਰ ਕਿਸੇ ਬਾਰੇ ਕੁੱਝ ਕਿਹਾ ਜਾਵੇ ਜਾਂ ਗਲਤ ਵਰਤਾਓ ਕੀਤਾ ਜਾਵੇ । ਨਾਲ ਨਾਲ ਜਦੋਂ ਕਿਸੇ ਦਾ ਮਖੌਲ ਓਡਾਇਆ ਜਾਵੇ, ਛੇੜਖਾਨੀ ਕੀਤੀ ਜਾਵੇ,ਧਮਕੀ ਦਿੱਤੀ ਜਾਵੇ, ਹਮਲਾ ਕੀਤਾ ਜਾਵੇ, ਕੰਧਾਂ ਓਪਰ ਬੇਇਜ਼ਤੀ ਵਾਲੀਆਂ ਗੱਲਾਂ ਲਿਖੀਆਂ ਹੋਣ ਜਾਂ ਜਾਣ ਬੁੱਝ ਕਿਸੇ ਰੰਗ ਵਾਲਿਆਂ ਨਾਲ ਗਲਤ ਵਰਤਾਓ ਕੀਤਾ ਜਾਵੇ ।

### ਵਿਤਕਰੇ ਦਾ ਅਸਰ ਕੀ ਹੈ ?

ਵਿਤਕਰੇ ਨਾਲ ਸਭ ਨੂੰ ਦੁੱਖ ਪਹੁੰਚਦਾ ਹੈ । ਇਨਸਾਨ ਆਪਣੇ ਆਪ ਨੂੰ ਨੀਵਾਂ ਸਮਝਣ ਲੱਗ ਪੈਂਦਾ ਹੈ ਅਤੇ ਫਿਕਰਮੰਦ ਹੋ ਜਾਂਦਾ ਹੈ । ਕੰਮ ਵਾਲੀ ਥਾਂ ਦਾ ਵਾਯੂ ਮੰਡਲ ਖਰਾਬ ਹੋ ਜਾਂਦਾ ਹੈ, ਖਿੱਚੋਤਾਣ ਵਿੱਚ ਕਈ ਗਲਤ ਕੰਮ ਹੋ ਜਾਂਦੇ ਹਨ ।

### ਇਸ ਤਰਾਂ ਦੇ ਸਮੇਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ ?

ਇੱਕ ਵਿਦਿਆਰਥੀ ਵਿਤਕਰਾ ਕਰਨ ਵਾਲੇ ਦਾ ਸਾਹਮਣਾ ਕਰ ਸਕਦਾ ਹੈ ਜਾਂ ਪ੍ਰਿੰਸੀਪਲ ਨੂੰ ਦੱਸ ਸਕਦਾ ਹੈ ।
ਇੱਕ ਸਟਾਫ ਮੈਂਬਰ ਵਿਤਕਰਾ ਕਰਨ ਵਾਲੇ ਦਾ ਸਾਹਮਣਾ ਕਰ ਸਕਦਾ ਹੈ ਜਾਂ ਆਪਣੇ ਅਫਸਰ ਨਾਲ ਗੱਲ ਬਾਤ ਕਰ ਸਕਦਾ ਹੈ । ਇਸ ਸਮੇਂ ਸਟਾਫ ਦੇ ਮੈਂਬਰ ਆਪਣੇ ਕੁਲੈਕਟਿਵ ਸਮਝੌਤੇ ਦੀ ਵੀ ਸਲਾਹ ਲੈ ਸਕਦੇ ਹਨ ।

### ਸਕੂਲ ਬੋਰਡ ਦੇ ਅਧਿਕਾਰੀ ਕੀ ਕਰ ਸਕਦੇ ਹਨ ?

ਸਰ੍ਹੀ ਸਕੂਲ ਬੋਰਡ ਦਾ ਇਹ ਵਾਹਦਾ ਹੈ ਕਿ ਸਕੂਲ ਵਿਤਕਰੇ ਤੋਂ ਬਿਲਕੁਲ ਆਜ਼ਾਦ ਹੋਣ । ਬੋਰਡ ਨੂੰ ਇਹ ਆਸ ਹੈ ਕਿ ਸਾਰੇ ਵਿਦਿਆਰਥੀ ਅਤੇ ਕਰਮਚਾਰੀ ਇੱਕ ਦੂਜੇ ਦੀ ਇਜ਼ਤ ਕਰਨਗੇ । ਬੋਰਡ ਦੀ ਇਹ ਇੱਛਾ ਹੈ ਕਿ ਜਦੋਂ ਵੀ ਵਿਤਕਰਾ ਸਾਹਮਣੇ ਆਵੇ ਤਾਂ ਸਾਰੇ ਇਸ ਦੇ ਵਿਰੁੱਧ ਆਵਾਜ਼ ਓਠਾਓਣ । ਵਿਤਕਰੇ ਸਬੰਧੀ ਸਦਾ ਹੀ ਯੋਗ ਕਾਰਵਾਈ ਕੀਤੀ ਜਾਏਗੀ ।

- ਸਾਰੇ ਸਟਾਫ ਦੀ ਇਹ ਜ਼ਿਮੇਵਾਰੀ ਹੈ ਕਿ ਓਹ ਵਿਤਰਕੇ ਸਬੰਧੀ ਲੋੜਵੰਦ ਕਾਰਵਾਈ ਕਰਨ । ਅਗਰ ਕੋਈ ਹੱਲ ਨਹੀਂ ਨਿਕਲਦਾ ਤਾ ਆਪਣੇ ਮਾਲਿਕ ਤੱਕ ਪੈਰਵਾਈ ਕਰਨ ।
- ਸਭ ਅਧਿਆਪਕਾਂ ਦੀ ਇਹ ਜ਼ਿਮੇਵਾਰੀ ਹੈ ਕਿ ਵਿਤਕਰੇ ਨਾਲ ਸਬੰਧੀ ਸਲੇਬਸ ਬਾਰੇ ਜਾਣਕਾਰੀ ਬੋਰਡ ਦੇ ਅੱਗੇ ਲਿਆਓਣ ।